ਦਫਤਰ, ਡਾਇਰੈਕਟਰਸਿੱਖਿਆਅਫਸਰ (ਸੈ:ਸਿ:), ਪੰਜਾਬ, ਐਸ ਏ ਐਸ ਨਗਰ

ਅਮਲਾ-1ਸ਼ਾਖਾ

ਵੱਲ

ਪੰਜਾਬਰਾਜ ਦੇ

ਸਮੂਹ ਮੰਡਲ ਸਿੱਖਿਆ ਅਫਸਰ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)

ਸਮੂਹ ਸਕੂਲ ਮੁੱਖੀ।

ਮੀਮੋ ਨੰ. : 13/24-2012 ਅ1(3,5,6)

ਮਿਤੀ, ਐਸ ਏ ਐਸ ਨਗਰ 3-12-2012

ਵਿਸ਼ਾ: ਮਾਸਟਰ ਤੋਂ ਲੈਕਚਰਾਰ ਦੀ ਤਰੱਕੀ ਸੰਬੰਧੀ ਲੈਫਟਆਊਟ ਕੇਸ ਮੰਗਣ ਬਾਰੇ।

ਉਪਰੋਕਤ ਵਿਸ਼ੇ ਸੰਬੰਧੀ ਡਾਇਰੈਕਟੋਰੇਟ ਵੱਲੋਂ ਮਿਤੀ 25-09-2012 ਤੱਕ ਲੈਫਟਆਊਟ ਕੇਸ ਭੇਜਣ ਲਈ ਲਿੱਖਿਆ ਗਿਆ ਸੀ ਪਰੰਤੂ ਇਹ ਕੇਸ ਅਜੇ ਤੱਕ ਵੀ ਪ੍ਰਾਪਤ ਹੋ ਰਹੇ ਹਨ ਜਿਸ ਕਾਰਨ ਅਜੰਡੇ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਦਾ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਵੀ ਯੋਗ ਕਰਮਚਾਰੀਆਂ ਦੇ ਲੈਫਟਆਊਟ ਕੇਸ ਬਣਦੇ ਹਨ, ਮਿਤੀ 07-12-2012 ਤੱਕ ਹਰ ਹਾਲਤ ਵਿਚ ਡਾਇਰੈਕਟੋਰੇਟ ਵਿਖੇ ਪੁੱਜਦੇ ਕੀਤੇ ਜਾਣ। ਇਸ ਮਿਤੀ ਤੋਂ ਬਾਅਦ ਕੋਈ ਵੀ ਕੇਸ ਵਿਚਾਰਿਆ ਨਹੀਂ ਜਾਵੇਗਾ। ਇਸ ਦੇ ਨਾਲ ਹੀ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਜਿਲ੍ਹੇ/ਮੰਡਲ ਨਾਲ ਸੰਬੰਧਤਿ ਕਸੇ ਵੀ ਯੋਗ ਕਰਮਚਾਰੀ ਦਾ ਬਤੌਰ ਲੈਕਚਰਾਰ ਪਦਉਨਤੀ ਦਾ ਕੇਸ ਪੈਡਿੰਗ ਨਾ ਹੋਣ ਬਾਰੇ ਸਰਟੀਫਿਕੇਟ ਮਿਤੀ 08-12-2012 ਤੱਕ ਡਾਇਰੈਕਟੋਰੇਟ ਨੂੰ ਪਹੁੰਚਾਉਣਾ ਯਕੀਨੀ ਬਣਾਓ। ਜੇਕਰ ਉਪਰੋਕਤ ਮਿਤੀ ਤੋਂ ਬਾਅਦ ਵੀ ਕਿਸੇ ਯੋਗ ਕਰਮਚਾਰੀ ਦਾ ਕੇਸ ਰਹਿ ਜਾਂਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਸੰਬੰਧਤ ਸਕੂਲ ਮੁੱਖੀ/ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਦੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਸਹੀ/-

ਸਹਾਇਕ ਡਾਇਰੈਕਟਰ (ਸਪ੍-1)